# ਤੁਹਾਡੇ ਪਿਛਲੇ ਦੇਸ਼ ਨਾਲੋਂ ਕੈਨੇਡਾ ਵਿੱਚ ਨਿਯਮ ਕਿਉਂ ਵੱਖਰੇ ਹਨ?

May 2022

ਕਈ ਵਾਰੀ ਕੈਨੇਡਾ ਵਿੱਚ ਕੋਵਿਡ-19 ਦੇ ਨਿਯਮ ਦੂਸਰੇ ਦੇਸ਼ਾਂ ਦੇ ਨਿਯਮਾਂ ਨਾਲੋਂ ਵੱਖਰੇ ਹੋ ਸਕਦੇ ਹਨ। ਇਸ ਦਾ ਮਤਲਬ ਇਹ ਨਹੀਂ ਹੈ ਕਿ ਕੋਵਿਡ -19 ਨੂੰ ਪੂਰੀ ਤਰ੍ਹਾਂ ਸਮਝਿਆ ਨਹੀਂ ਗਿਆ, ਸਗੋਂ ਇਹ ਇਸ ਕਰਕੇ ਹੈ ਕਿ ਵੱਖ ਵੱਖ ਸਮਾਜ ਇਸ ਨਾਲ ਵੱਖ ਵੱਖ ਢੰਗ ਨਾਲ ਨਿਪਟ ਰਹੇ ਹਨ।

**ਵੱਖ ਵੱਖ ਤਰ੍ਹਾਂ ਨਾਲ ਨਿਪਟਣ ਦੇ ਕਈ ਗੁੰਝਲਦਾਰ ਕਾਰਨ ਹਨ,** ਜਿਵੇਂ ਕਿ:

- **ਸਿਹਤ ਸੰਭਾਲ ਅਤੇ ਸਮਾਜਕ ਭਲਾਈ ਦੇ ਪ੍ਰਬੰਧ ਕਿਸ ਤਰ੍ਹਾਂ ਦੇ ਹਨ:** ਕੀ ਸਿਹਤ ਸੰਭਾਲ ਮੁਫਤ ਹੈ ਅਤੇ ਹਰ ਇਕ ਲਈ ਉਪਲਬਧ ਹੈ ਜਾਂ ਲੋਕਾਂ ਨੂੰ ਇਸ ਲਈ ਪੈਸੇ ਦੇਣੇ ਪੈਂਦੇ ਹਨ? ਕੀ ਲੋਕਾਂ ਨੂੰ ਖੁੱਸੀ ਹੋਈ ਆਮਦਨ ਲਈ ਮੁਆਵਜ਼ਾ ਮਿਲਦਾ ਹੈ ਜਾਂ ਉਹਨਾਂ ਨੂੰ ਕੰਮ ਕਰਨਾ ਪੈਂਦਾ ਹੈ, ਭਾਵੇਂ ਕਿ ਸਿਹਤ ਨੂੰ ਖਤਰੇ ਵੀ ਹੋਣ?
- **ਕਿੰਨੇ ਲੋਕਾਂ ਦੇ ਵੈਕਸੀਨ ਲੱਗ ਚੁੱਕੇ ਹਨ:** ਕੀ ਜ਼ਿਆਦਾ ਲੋਕਾਂ ਦੇ ਵੈਕਸੀਨ ਲੱਗ ਚੁੱਕੇ ਹਨ ਜਾਂ ਨਹੀਂ? ਕੀ ਲੋੜੀਂਦੀ ਮਾਤਰਾ ਵਿੱਚ ਵੈਕਸੀਨ ਉਪਲਬਧ ਹਨ? ਲੋਕ ਉਨ੍ਹਾਂ ਤੱਕ ਕਿੰਨੀ ਆਸਾਨੀ ਨਾਲ ਪਹੁੰਚ ਕਰ ਸਕਦੇ ਹਨ?
- **ਵੱਡੇ ਸਿਆਸੀ ਅਤੇ ਮੈਡੀਕਲ ਫੈਸਲੇ ਕਿਸ ਤਰ੍ਹਾਂ ਕੀਤੇ ਜਾਂਦੇ ਹਨ?** ਕੀ ਅਮਲ ਪਾਰਦਰਸ਼ੀ ਹੈ? ਕੀ ਸਰਕਾਰ ਨੂੰ ਵਿਗਿਆਨੀ ਅਤੇ ਡਾਕਟਰ ਸਲਾਹ ਦਿੰਦੇ ਹਨ? ਕੀ ਸਰਕਾਰ ਪਾਰਲੀਮੈਂਟ ਅੱਗੇ ਜਵਾਬਦੇਹ ਹੈ? ਕੀ ਵਿਰੋਧੀ ਪਾਰਟੀਆਂ ਦੀ ਹਿੱਸੇਦਾਰੀ ਹੈ?
- **ਵੱਖ ਵੱਖ ਸਮਾਜਾਂ ਦੇ ਤੌਰ ਤਰੀਕੇ ਅਤੇ ਤਰਜੀਹਾਂ ਕੀ ਹਨ?** ਕੀ ਉਹ ਜ਼ਿਆਦਾ ਸਮੂਹਿਕ ਜਾਂ ਵਿਅਕਤੀਗਤ ਹਨ? ਕੀ ਉਹ ਕੰਮ `ਤੇ ਜਾਣ, ਸਕੂਲ ਖੋਲ੍ਹਣ, ਹਸਪਤਾਲਾਂ ਵਿੱਚ ਦਾਖਲਿਆਂ ਨੂੰ ਘੱਟ ਤੋਂ ਘੱਟ ਰੱਖਣ ਨੂੰ ਜਾਂ ਹੋਰ ਚੀਜ਼ਾਂ ਨੂੰ ਤਰਜੀਹ ਦਿੰਦੇ ਹਨ?

ਇਹ ਸਿਰਫ ਕੁੱਝ ਕਾਰਨ ਹਨ ਜਿਹਨਾਂ ਕਰਕੇ ਕੈਨੇਡਾ ਵਿੱਚ ਵੱਖਰੇ ਨਿਯਮ ਹੋ ਸਕਦੇ ਹਨ। ਕਈ ਵਾਰੀ ਸਰਕਾਰਾਂ ਜਾਂ ਨਿੱਜੀ ਐਕਟਰ ਸਬੂਤਾਂ ਆਧਾਰਤ ਮੈਡੀਸਨ ਦੀ ਥਾਂ ਸਿਆਸੀ ਜਾਂ ਵਿਤੀ ਫਾਇਦਿਆਂ ਲਈ ਕੋਵਿਡ-19 ਦੀ ਗੰਭੀਰਤਾ ਨੂੰ ਘਟਾ ਕੇ ਪੇਸ਼ ਕਰ ਸਕਦੇ ਹਨ।

ਵੱਖ ਵੱਖ ਨਿਯਮ ਹੋਣ ਦਾ ਮਤਲਬ ਇਹ ਨਹੀਂ ਹੈ ਕਿ ਕੋਵਿਡ-19 ਵੱਖ ਵੱਖ ਦੇਸ਼ਾਂ ਵਿੱਚ ਵੱਖਰੀ ਵੱਖਰੀ ਬੀਮਾਰੀ ਹੈ। ਬੇਸ਼ੱਕ ਵਾਇਰਸ ਦੀਆਂ ਵੱਖ ਵੱਖ ਕਿਸਮਾਂ ਹਨ, ਪਰ ਬੀਮਾਰੀ ਇਕ ਹੀ ਹੈ ਅਤੇ ਵੈਕਸੀਨ ਲੋਕਾਂ ਦਾ ਬੀਮਾਰੀ ਦੇ ਗੰਭੀਰ ਲੱਛਣਾਂ ਅਤੇ ਮੌਤ ਤੋਂ ਬਚਾਅ ਕਰਦੇ ਹਨ।

ਇਸ ਸਮੱਗਰੀ ਦਾ ਉਦੇਸ਼ ਪੇਸ਼ੇਵਰ ਸਲਾਹ ਜਾਂ ਦੇਖਭਾਲ ਦਾ ਬਦਲ ਬਣਨਾ ਨਹੀਂ ਹੈ। ਆਪਣੇ ਸਵਾਲਾਂ ਦੇ ਜਵਾਬ ਲਈ ਹਮੇਸ਼ਾ ਕਿਸੇ ਮੈਡੀਕਲ ਪੇਸ਼ੇਵਰ ਜਾਂ ਹੋਰ ਯੋਗਤਾ ਪ੍ਰਾਪਤ ਸਿਹਤ ਪ੍ਰਦਾਤਾ ਦੀਆਂ ਸੇਵਾਵਾਂ ਲਓ।

*Financial contribution from*
*Avec le financement de*

Public Health Agency of Canada — Agence de la santé publique du Canada

Metropolis
Social Determinants of Health

MedComm (ਮੈਕਗਿਲ ਮੈਡੀਕਲ ਸਟੂਡੈਂਟਸ ਸੁਸਾਇਟੀ ਦਾ ਇੱਕ ਆਊਟਰੀਚ ਕਲੱਬ) ਦੁਆਰਾ ਪ੍ਰਮਾਣਿਤ।

ਅਜੇ ਵੀ ਸਵਾਲ ਹਨ? ਇਹ ਨਾਰਮਲ ਹੈ। ਆਪਣੇ ਸਥਾਨਕ ਹੈਲਥ ਕਲਿਨਿਕ ਅਤੇ ਆਪਣੇ ਸਥਾਨਕ ਹਸਪਤਾਲ ਤੋਂ ਜਾਂ ਵਰਲਡ ਹੈਲਥ ਆਰਗੇਨਾਈਜੇਸ਼ਨ ਦੇ ਸਵਾਲਾਂ ਅਤੇ ਜਵਾਬਾਂ ਵਾਲੇ ਸਫੇ https://bit.ly/3KXDyDz `ਤੇ ਜਾ ਕੇ ਹੋਰ ਜਾਣਕਾਰੀ ਲਵੋ।